# ਬੇਮੁਹਾਰੀ ਕਤਲੋਗਾਰਤ ਨੂੰ ਸਾਮਰਾਜੀ ਲੁੱਟ ਅਤੇ ਸਟੇਟ ਦਹਿਸ਼ਤਗਰਦੀ ਦੇ ਖ਼ਿਲਾਫ਼ ਲੋਕਾਂ ਦੀ ਅਮਲੀ ਸਿਆਸੀ ਏਕਤਾ ਨੂੰ ਭੰਗ ਨਾ ਕਰਨ ਦਿਓ!

***-7 ਜੁਲਾਈ 2005 ਦੇ ਲੰਡਨ ਬੰਬ ਧਮਾਕਿਆਂ ਬਾਰੇ ਕੈਨੇਡਾ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦਾ ਬਿਆਨ-***

ਲੰਡਨ ਵਿਚ ਕੀਤੇ ਗਏ ਬੇਹੂਦਾ ਤੇ ਬੇਤੁਕੀ ਹਿੰਸਾ ਦੇ ਕਾਰਿਆਂ ਦੀ, ਕਨੇਡਾ ਦੀ ਕਮਿਊਨਿਸਟ ਪਾਰਟੀ (ਮ-ਲ) ਭਰਪੂਰ ਨਿੰਦਾ ਕਰਦੀ ਹੈ, ਜਿਥੇ ਇਕ ਵਾਰੀ ਫਿਰ ਬੇਕਸੂਰ ਲੋਕਾਂ ਦੀਆਂ ਹੀ ਜਾਨਾਂ ਗਈਆਂ ਅਤੇ ਮਾਸੂਮ ਜ਼ਖ਼ਮੀ ਹੋਏ। ਆਪੋ ਆਪਣੇ ਕੰਮ ਧੰਦਿਆਂ ਨੂੰ ਜਾ ਰਹੇ ਬੇਕਸੂਰ ਲੋਕਾਂ ਨੂੰ ਨਿਸ਼ਾਨਾ ਬਣਾਉਣ ਦਾ ਕੀ ਕਾਰਨ ਹੈ? ਇਹੋ ਜਿਹੇ ਬੇਮੁਹਾਰਾ ਤੇ ਬੇਤੁਕੇ ਜੁਰਮ ਕੌਣ ਕਰਦਾ ਹੈ ਤੇ ਇਨ੍ਹਾਂ ਦਾ ਫ਼ਾਇਦਾ ਕਿਸ ਨੂੰ ਹੁੰਦਾ ਹੈ?

ਜੀ-8 ਦੀ ਮੀਟਿੰਗ ਲਈ ਸਕਾਟਲੈਂਡ ਵਿਚ ਇਕੱਠੇ ਹੋਏ ਵੱਡੇ ਸਾਮਰਾਜੀ ਮੁਲਕਾਂ ਦੇ ਆਗੂ, ਖ਼ਾਸ ਕਰ ਜੰਗੀ ਮੁਜਰਮ ਜਾਰਜ ਬੁਸ਼ ਤੇ ਟੋਨੀ ਬਲੇਅਰ, ਅਤੇ ਸਾਮਰਾਜੀ ਮੀਡੀਆ ਦੇ ਧੂਤੂ ਇਨ੍ਹਾਂ ਘਿਣਾਉਣੇ ਕਾਰਿਆਂ ਦਾ ਇਲਜ਼ਾਮ "ਅਲ-ਕਾਇਦਾ", "ਮੁਸਲਮ ਅੱਤਵਾਦੀ" ਅਤੇ "ਸੁੱਤੇ ਹੋਏ ਸੈਲ" ਆਦਿ ਉੱਤੇ ਲਾਉਣ ਲਈ ਇਕ ਦੂਜੇ ਤੋਂ ਮੂਹਰੇ ਹੁੰਦੇ ਹੋਏ ਨਜ਼ਰ ਆਏ। ਇਸ ਤਰ੍ਹਾਂ ਦੇ ਸਾਦੇ ਬਿਆਨਾਂ ਉਤੇ ਇਤਬਾਰ ਕਰਨ ਤੋ ਕੋਹਾਂ ਦੂਰ, ਸੀ.ਪੀ.ਸੀ.(ਮ-ਲ) ਸਾਮਰਾਜੀ ਸਟੇਟਾਂ ਨੂੰ ਇਨ੍ਹਾਂ ਹਿੰਸਕ ਕਾਰਿਆਂ ਲਈ ਜ਼ਿੰਮੇਵਾਰ ਸਮਝਦੀ ਹੈ। ਸੀ.ਪੀ.ਸੀ.(ਮ-ਲ) ਸਾਮਰਾਜੀਆਂ ਅਤੇ ਇਨ੍ਹਾਂ ਦੀਆਂ ਖ਼ਬਰ ਏਜੰਸੀਆਂ ਦੀ ਡੱਟ ਕੇ ਨਿਖੇਧੀ ਕਰਦੀ ਹੈ ਜੋ ਇਸ ਮੌਕੇ ਨੂੰ ਵਰਤ ਕੇ ਲੋਕਾਂ ਦਾ ਧਿਆਨ ਸਾਮਰਾਜੀ ਏਜੰਡੇ ਦੀ ਮੁਖ਼ਾਲਫ਼ਤ ਕਰਨ ਦੇ ਸਾਂਝੇ ਲੋਕ ਯਤਨਾਂ ਤੋਂ ਪਰ੍ਹੇ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਤੇ ਸੰਸਾਰ ਦੇ ਲੋਕਾਂ ਵਲੋਂ ਕੌਮਾਂਤਰੀ ਸਟੇਟ ਦਹਿਸ਼ਤਗਰਦੀ ਦੀ ਮੁਖ਼ਾਲਫ਼ਤ ਨੂੰ ਕੁਰਾਹੇ ਪਾਉਣ ਵਿਚ ਲੱਗੀਆਂ ਹੋਈਆਂ ਹਨ।

ਇਹੋ ਜਿਹੀ ਬੇਮੁਹਾਰੀ ਤੇ ਬੇਤੁਕੀ ਹਿੰਸਾ ਨੂੰ ਸਾਮਰਾਜੀ ਤਾਕਤਾਂ ਹਮੇਸ਼ਾਂ ਹੀ ਲੋਕਾਂ ਦੀਆਂ ਜਦੋਜਹਿਦਾਂ ਨੂੰ ਖੇਰੂੰ ਖੇਰੂੰ ਕਰਨ ਲਈ ਆਪਣੇ ਮਨ ਭਾਉਂਦੇ ਹਥਿਆਰ ਦੇ ਤੌਰ ਤੇ ਵਰਤਦੀਆਂ ਆਈਆਂ ਹਨ। ਉਸ ਵੇਲੇ ਜਦ ਕਿ ਲੋਕ ਆਪਣੇ ਸਮਾਜਾਂ ਅਤੇ ਸਾਰੇ ਸੰਸਾਰ ਨੂੰ ਦਰਪੇਸ਼ ਗੰਭੀਰ ਸਮੱਸਿਆਵਾਂ ਦੇ ਹੱਲ ਲਈ ਸਿਆਸੀ ਤੌਰ ਤੇ ਆਪਣੇ ਦ੍ਰਿੜ ਇਰਾਦੇ ਦਾ ਮੁਜ਼ਾਹਰਾ ਕਰ ਰਹੇ ਹਨ, ਸਾਮਰਾਜੀ ਤਾਕਤਾਂ ਗੜਬੜ ਦਾ ਮਾਹੌਲ ਬਣਾਉਣ ਵਿਚ ਰੁੱਝੀਆਂ ਹੋਈਆਂ ਹਨ ਅਤੇ ਲੋਕਾਂ ਦੀ ਮੰਗ ਅਨੁਸਾਰ ਮਸਲਿਆਂ ਦਾ ਹੱਲ ਉਚਿਤ ਢੰਗ ਨਾਲ ਕਰਨ ਤੋਂ ਮੁਨਕਰ ਹਨ ਅਤੇ ਆਪਣੇ ਇਸ ਇਨਕਾਰ ਨੂੰ ਲੁਕਾਉਣ ਲਈ ਸਟੇਟ ਦਹਿਸ਼ਤਗਰਦੀ ਨੂੰ ਵਰਤ ਰਹੀਆਂ ਹਨ। ਇਸ ਦਾ ਪਹਿਲਾ ਮੰਤਵ ਹੈ ਕਿ ਲੋਕ ਇਹ ਨਤੀਜਾ ਕੱਢਣ ਕਿ ਜਿਹੜਾ ਵੀ ਇਸ ਲਾਕਾਨੂੰਨੀ ਅਤੇ ਦਹਿਸ਼ਤ ਦੇ ਮਾਹੌਲ ਨੂੰ ਖ਼ਤਮ ਕਰ ਸਕਦਾ ਹੈ ਉਹਦੀ ਹਮਾਇਤ ਕਰਨੀ ਚਾਹੀਦੀ ਹੈ। ਇਸ ਤਰਕ ਅਨੁਸਾਰ, ਕੋਈ ਵੀ ਕਦਮ ਲੈਣਾ, ਸਣੇ ਲੋਕਾਂ ਦੇ ਕਤਲੇਆਮ ਦੇ, ਦਰੁਸਤ ਹੈ। ਇਹਦਾ ਇਕ ਹੋਰ ਉਦੇਸ਼ ਇਕ ਇਹੋ ਜਿਹਾ ਮਾਹੌਲ ਬਣਾ ਦੇਣਾ ਹੈ ਜਿਥੇ ਬੇਕਿਰਕ ਕਤਲੋਗਾਰਤ ਤੇ ਕਤਲੇਆਮ ਅਤੇ ਹਿੰਸਾ ਦੀ ਹੋਰ ਹਰ ਕਰਤੂਤ ਕੀਤੀ ਜਾ ਸਕੇ ਤਾਂ ਕਿ ਮਜਬੂਰ ਲੋਕ, ਜਿਨ੍ਹਾਂ ਦੇ ਹੱਥਾਂ ਵਿਚ ਕੁਝ ਨਹੀ ,ਹੋਰ ਵੀ ਲਾਚਾਰ ਹੋ ਕੇ ਬਿਲਕੁਲ ਬੇਹਿਸ ਹੋ ਜਾਣ। ਇਕ ਹੋਰ ਮੰਤਵ ਇਹ ਹੈ ਕਿ ਇਕ ਅਜੇਹਾ ਮਾਹੌਲ ਬਣ ਜਾਵੇ ਜਿਥੇ ਸਮੁੱਚੇ ਭਾਈ ਚਾਰਿਆਂ ਨੂੰ ਨਿਸ਼ਾਨਾ ਬਣਾ ਦੇਣ ਦੀ ਖੁਲ੍ਹ ਹੋ ਜਾਵੇ ਅਤੇ ਇਕ ਸ਼ੱਕੀ ਮਾਹੌਲ ਵਿਚ ਲੋਕਾਂ ਨੂੰ ਇਕ ਦੂਜੇ ਉੱਤੇ ਮਜ਼ਹਬ, ਨਸਲ, ਕੌਮੀ ਪਿਛੋਕੜ, ਲਿੰਗ ਜਾਂ ਵਿਚਾਰਧਾਰਕ ਵਖਰੇਵਿਆਂ ਦੇ ਅਧਾਰ ਤੇ ਹਮਲੇ ਕਰਨ ਲਈ ਉਕਸਾਇਆ ਜਾ ਸਕੇ।

ਇਹ ਸਾਰੇ ਹੱਥਕੰਡੇ 19ਵੀਂ ਸਦੀ ਵਿਚ ਲੋਕਾਂ ਦੀਆਂ ਜਦੋਜਹਿਦਾਂ ਨੂੰ ਖੇਰੂੰ ਖੇਰੂੰ ਕਰਨ ਈਜਾਦ ਕੀਤੇ ਗਏ ਸਨ, ਖ਼ਾਸ ਕਰ ਜ਼ਾਰਾਂ ਦੇ ਰੂਸ ਅਤੇ ਫਰਾਂਸ ਵਿਚ। 20ਵੀਂ ਸਦੀ ਵਿਚ ਕਮਿਊਨਿਜ਼ਮ ਅਤੇ ਕੌਮੀ ਮੁਕਤੀ ਦੇ ਸੰਘਰਸ਼ਾਂ ਨਾਲ ਨਿਪਟਣ ਲਈ ਇਹ ਹੱਥ ਕੰਡੇ ਹੋਰ ਵੀ ਪੁਖ਼ਤਾ ਕੀਤੇ ਗਏ। ਮਹਾਨ ਅਕਤੂਬਰ ਇਨਕਲਾਬ ਮਗਰੋਂ ਅਤੇ ਦੂਸਰੀ ਆਲਮੀ ਜੰਗ ਤੋਂ ਪਹਿਲਾਂ, ਇਹੋ ਤਰੀਕੇ ਹਿਟਲਰ ਅਤੇ ਮਸੋਲੀਨੀ ਨੇ ਵੀ ਵਰਤੇ ਕਮਿਊਨਿਸਟਾਂ ਨੂੰ, ਯਹੂਦੀ ਪਿਛੋਕੜ ਦੇ ਲੋਕਾਂ ਨੂੰ, ਅਤੇ ਲਿਤਾੜੇ ਹੋਏ ਲੋਕਾਂ ਫਸਾਉਣ ਲਈ ਅਤੇ ਇੰਜ ਉਨ੍ਹਾਂ ਉੱਤੇ ਆਪਣੇ ਜਬਰ ਕਹਿਰ ਨੂੰ ਵਾਜਬ ਠਹਿਰਾਉਣ ਲਈ।

ਕਨੇਡਾ ਵਿਚ, ਇਹ ਸਾਬਤ ਹੋ ਚੁਕਾ ਹੈ ਕਿ ਲੋਕਾਂ ਉੱਤੇ ਹੁੰਦੀ ਹਿੰਸਾ ਦੇ ਪਿਛੇ ਸਟੇਟ ਅਤੇ ਇਹਦੀਆਂ ਏਜੰਸੀਆਂ ਦਾ ਹੱਥ ਹੁੰਦਾ ਹੈ। ਆਇਰਲੈਂਡ ਵਿਚ ਵੀ ਇਹ ਗੱਲ ਸਾਬਤ ਹੋ ਚੁਕੀ ਹੈ ਜਿਥੇ ਕੈਥੋਲਿਕਾਂ ਤੇ ਪ੍ਰੋਟੈਸਟੈਂਟਾਂ ਵਿਚ ਲੜਾਈ ਖੜ੍ਹੀ ਰੱਖਣਾ ਬਰਤਾਨਵੀ ਸਾਮਰਾਜੀਆਂ ਦੀ ਨੀਤੀ ਰਹੀ ਹੈ ਤਾਂ ਕਿ ਆਇਰਲੈਂਡ ਦੇ ਤਮਾਮ ਲੋਕ ਇਕੱਠੇ ਹੋ ਕੇ ਬਰਤਾਨਵੀ ਰਾਜ ਦਾ ਜੂਲਾ ਆਪਣੇ ਗਲੋਂ ਨਾ ਲਾਹ ਸਕਣ ਤੇ ਆਪਣੇ ਮੁਲਕ ਨੂੰ ਇਕੱਠਾ ਕਰਕੇ ਆਪਣੇ ਰਾਜ ਹੇਠ ਨਾ ਲਿਆ ਸਕਣ। ਯੂਰਪ ਵਿਚ, ਨਾਟੋ ਦੇ ਸਿਆਸੀ ਵਿੰਗ ਨੇ ਖੁਦ ਮੰਨਿਆਂ ਹੈ ਕਿ ਯੂਰਪ ਭਰ ਵਿਚ ਇਹਨੇ ਦਹਿਸ਼ਤੀ ਗਰੁੱਪ ਬਣਾਏ ਜੋ ਬੰਬ ਜ਼ਨੀ, ਅਗਵਾਕਾਰੀ, ਅਤੇ ਲੋਕਾਂ ਦੇ ਖ਼ਿਲਾਫ਼ ਆਮ ਦਹਿਸ਼ਤ ਅਤੇ ਹਿੰਸਾ ਦਾ ਮਾਹੌਲ ਬਣਾਉਣ ਲਈ ਸਨ। ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਫੇਰ ਅਗਾਂਹਵਧੂ ਤਾਕਤਾਂ ਨੂੰ ਤੰਗ ਕਰਨਾ ਜਾਇਜ਼ ਠਹਿਰਾਉਣ ਲਈ ਅਤੇ ਸਾਮਰਾਜੀ ਸ਼ਕਤੀਆਂ ਤੇ ਵਿਭਿੰਨ ਸਰਕਾਰਾਂ ਵਲੋਂ ਦਹਿਸ਼ਤਗਰਦੀ ਦੀ ਨੀਤੀ ਨੂੰ ਠੀਕ ਠਹਿਰਾਉਣ ਲਈ ਵਰਤਿਆ ਜਾਂਦਾ ਰਿਹਾ। ਹਿੰਦੁਸਤਾਨ ਵਿਚ ਵੀ ਇਹੋ ਕੁਝ ਹੀ ਹੋਇਆ ਹੈ ਤੇ ਸੰਸਾਰ ਦੇ ਹੋਰ ਮੁਲਕਾਂ ਵਿਚ ਵੀ ਜਿਥੇ ਸਟੇਟ ਤੇ ਸਟੇਟ ਏਜੰਸੀਆਂ ਬਗੈਰ ਕਿਸੇ ਡਰ ਭੈ ਦੇ ਲੋਕ-ਤਾਕਤਾਂ ਦੇ ਖ਼ਿਲਾਫ਼ ਕਾਰਵਾਈਆਂ ਕਰਦੀਆਂ ਹਨ। ਲਾਤੀਨੀ ਅਮਰੀਕਾ ਦੇ ਲੋਕਾਂ ਦੇ ਖ਼ਿਲਾਫ਼ ਜੁਰਮ ਅਤੇ ਕਰੀਬੀਅਨ ਲੋਕਾਂ ਵਿਰੁਧ ਗੰਦੀ ਜੰਗ, ਕਿਊਬਾ ਦੀ ਘੇਰਾ ਬੰਦੀ, ਆਦਿ ਵਰਗੇ ਸਾਰੇ ਜੁਰਮ ਉਚ ਉਦੇਸ਼ਾਂ ਦੇ ਨਾਮ ਹੇਠ ਹੀ ਕੀਤੇ ਗਏ ਤੇ ਕੀਤੇ ਜਾ ਰਹੇ ਹਨ।

ਜਦੋਂ ਇਹ ਸਾਰੀ ਗੱਲਬਾਤ ਕਿਸੇ ਤੋਂ ਵੀ ਗੁੱਝੀ ਨਹੀਂ ਫੇਰ ਮੀਡੀਆ ਦੇ ਇਹ "ਪੰਡਤ" ਇਹੋ ਜਿਹੇ ਹੱਥ ਕੰਡਿਆਂ ਦੀ ਵਰਤੋਂ ਬਾਰੇ ਮਾਨਵਤਾ ਦਾ ਜੋ ਤਜਰਬਾ ਹੈ ਉਹਦੇ ਬਾਰੇ ਕਿਉਂ ਨਹੀਂ ਬੋਲਦੇ? ਜੇ ਉਹ ਇਹ ਗੱਲ ਕਰਨ ਤਾਂ ਲੋਕਾਂ ਨੂੰ ਪਤਾ ਲੱਗੇਗਾ ਕਿ ਜੋ ਹੁਣ ਹੋ ਰਿਹਾ ਹੈ ਉਹਦੀ ਅਸਲੀਅਤ ਕੀ ਹੈ। ਇਸ ਸਾਰੀ ਗੱਲਬਾਤ ਤੋਂ ਸਾਫ਼ ਹੁੰਦਾ ਹੈ ਕਿ ਲੋਕਾਂ ਨੂੰ ਬੜੀ ਸਾਵਧਾਨੀ ਵਰਤ ਕੇ ਸਹੀ ਨਤੀਜੇ ਕੱਢਣੇ ਪੈਣਗੇ। ਸੰਸਾਰ ਵਿਚ ਵੱਧ ਰਹੇ ਫ਼ਾਸ਼ੀਵਾਦ ਅਤੇ ਜੰਗ ਦੇ ਖ਼ਤਰੇ ਦੇ ਖ਼ਿਲਾਫ਼ ਲੜਨ ਲਈ ਲੋਕਾਂ ਨੂੰ ਆਪਣੀ ਸਿਆਸੀ ਏਕਤਾ ਕਾਇਮ ਰੱਖਣ ਅਤੇ ਹੋਰ ਮਜ਼ਬੂਤ ਕਰਨ ਲਈ ਅਮਲੀ ਸੇਧ ਲੱਭਣ ਲਈ ਆਪ ਹੰਭਲਾ ਮਾਰਨਾ ਚਾਹੀਦਾ ਹੈ।

ਸੀ.ਪੀ.ਸੀ. (ਮ-ਲ) ਕਨੇਡੀਅਨ ਮਜ਼ਦੂਰ ਜਮਾਤ ਅਤੇ ਲੋਕਾਂ ਨੂੰ, ਅਤੇ ਸਾਰੇ ਸੰਸਾਰ ਦੇ ਲੋਕਾਂ ਨੂੰ ਹੋਕਾ ਦਿੰਦੀ ਹੈ ਕਿ ਡੱਟ ਕੇ ਆਪੋ ਆਪਣਾ ਸਟੈਂਡ ਲੈਣ ਤੇ ਲੋਕ-ਹਿੱਤਾਂ ਨੂੰ ਵਾਰ ਕੇ ਸਾਮਰਾਜੀਆਂ ਦੀ ਆਪਣੇ ਤੰਗ-ਹਿਤਾਂ ਦੀ ਪੂਰਤੀ ਕਰਨ ਦੀ ਮਨਸ਼ਾ ਦੀ ਮੁਖ਼ਾਲਫ਼ਤ ਕਰਦੇ ਰਹਿਣ। ਸੀ.ਪੀ.ਸੀ. (ਮ-ਲ) ਸਕਾਟਲੈਂਡ ਵਿਚ ਜੀ-8 ਦੀ ਮੀਟਿੰਗ ਅਤੇ ਅਫ਼ਰੀਕਾ ਦੇ ਚਿਰਾਂ ਦੇ ਦਰੜੇ ਚਲੇ ਆ ਰਹੇ ਲੋਕਾਂ ਦੀ ਲੁੱਟ ਦੇ ਸਾਮਰਾਜੀ ਏਜੰਡੇ ਦੇ ਖ਼ਿਲਾਫ਼ ਅਤੇ ਇਰਾਕ, ਫ਼ਲਸਤੀਨ ਅਤੇ ਏਸ਼ੀਆ, ਅਫ਼ਰੀਕਾ, ਲਾਤੀਨੀ ਅਮਰੀਕਾ ਤੇ ਕਰੇਬੀਅਨ ਮੁਲਕਾਂ ਵਿਚ ਸਾਮਰਾਜੀਆਂ ਅਤੇ ਇਨ੍ਹਾਂ ਦੇ ਚਮਚਿਆਂ ਦੀਆਂ ਕਰਤੂਤਾਂ ਤੋਂ ਧਿਆਨ ਪਰ੍ਹੇ ਕਰਨ ਦੀ ਕੋਸ਼ਿਸ਼ ਦੇ ਖ਼ਿਲਾਫ਼ ਸਫ਼ਲਤਾ ਭਰਪੂਰ ਲੋਕ-ਐਕਸ਼ਨਾਂ ਦੀ ਸ਼ਲਾਘਾ ਕਰਦੀ ਹੈ। ਸੀ.ਪੀ.ਸੀ. (ਮ-ਲ) ਮਾਨਵਤਾ ਨੂੰ ਦਰਪੇਸ਼ ਗੰਭੀਰ ਮਸਲਿਆਂ ਵਲੋਂ ਧਿਆਨ ਲਾਂਭੇ ਕਰਨ ਦੀਆਂ ਤਮਾਮ ਕੋਸ਼ਿਸ਼ਾਂ ਦੀ ਵੀ ਘੋਰ ਨਿਖੇਧੀ ਕਰਦੀ ਹੈ। ਅਸੀਂ ਜਾਰਜ ਬੁਸ਼, ਟੋਨੀ ਬਲੇਅਰ, ਪਾਲ ਮਾਰਟਨ ਵਰਗਿਆਂ ਦੀ ਤੇ ਇਹੋ ਜਿਹੇ ਹੋਰ ਅਖੌਤੀ ਲੀਡਰਾਂ ਦੇ ਦੋਗਲੇਪਣ ਦੀ ਨਿਖੇਧੀ ਕਰਦੇ ਹਾਂ ਜੋ "ਪੋਪ ਡਿਪਲੋਮੇਸੀ" ਵਰਗੀਆਂ ਘਟੀਆ ਤੇ ਤਰਸਯੋਗ ਕੋਸ਼ਿਸ਼ਾਂ ਨੂੰ ਹਲਾਸ਼ੇਰੀ ਦੇ ਰਹੇ ਹਨ ਤੇ ਲੋਕਾਂ ਨੂੰ ਬੁੱਧੂ ਬਣਾਉਣ ਲਈ ਇਹ ਪ੍ਰਭਾਵ ਦੇਣ ਦਾ ਯਤਨ ਰਹੇ ਹਨ ਕਿ ਇਨ੍ਹਾਂ ਦਾ ਇਕੋ ਇਕ ਮੰਤਵ ਅਫ਼ਰੀਕਾ ਦੇ ਲੋਕਾਂ ਦੇ ਮਸਲਿਆਂ ਦਾ ਹੱਲ ਕਰਨਾ ਹੈ ਹਾਲਾਂ ਕਿ ਇਹਦੇ ਲਈ ਇਹ ਸਾਮਰਾਜੀ ਆਪ ਅਤੇ ਸਿਰਫ਼ ਆਪ ਜ਼ਿੰਮੇਵਾਰ ਹਨ।

***ਸਾਮਰਾਜੀ ਡਾਕੂਓ***
***ਅਫ਼ਰੀਕਾ, ਏਸ਼ੀਆ, ਲਾਤੀਨੀ ਅਮਰੀਕਾ ਅਤੇ ਕਰੀਬੀਅਨ ਵਿਚੋਂ ਬਾਹਰ ਨਿਕਲੋ!***
***ਬੇਮੁਹਾਰੀ ਕਤਲੋਗਾਰਤ ਨੂੰ ਸਾਮਰਾਜੀ ਲੁੱਟ ਅਤੇ ਸਟੇਟ ਦਹਿਸ਼ਤਗਰਦੀ ਦੇ ਖ਼ਿਲਾਫ਼***
***ਲੋਕਾਂ ਦੀ ਅਮਲੀ ਸਿਆਸੀ ਏਕਤਾ ਨੂੰ ਸੱਟ ਨਾ ਮਾਰਨ ਦਿਓ!***